16 ਸੋ
18/2 CE(HQ)

ਜ਼ਰੂਰੀ

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜਕਾਂ-1 ਸ਼ਾਖਾ)

ਸੇਵਾ ਵਿਖੇ

ਮੁੱਖ ਇੰਜੀਨੀਅਰ (ਹੈ.ਕੁ),
ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ),
ਪਟਿਆਲਾ।

ਮੀਮੋ ਨੰ: 3/17/2019-ਇਸ1(2)/
ਮਿਤੀ, ਚੰਡੀਗੜ੍ਹ: ਫਰਵਰੀ, 2020.

ਵਿਸ਼ਾ:- ਦਫਤਰ ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਦੇ ਦਫਤਰ ਵਲੋਂ ਪੜਤਾਲਾਂ ਦੇ ਕੇਸਾਂ ਵਿਚ ਸੂਚਨਾ ਇਕੱਤਰ ਨਾ ਕਰਕੇ ਭੇਜਣ ਦੇ ਮਾਮਲੇ ਵਿਚ ਹਦਾਇਤਾਂ ਜਾਰੀ ਕਰਨ ਸਬੰਧੀ।

-----

ਉਪਰੋਕਤ ਵਿਸ਼ੇ ਦੇ ਹਵਾਲੇ ਵਿਚ।

2 ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਦੱਸਿਆ ਜਾਂਦਾ ਹੈ ਕਿ ਦਫਤਰ ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਵਲੋਂ ਜਦੋਂ ਕਿਸੇ ਵੀ ਕੇਸ ਵਿਚ ਸਰਕਾਰ ਨੂੰ ਪੜਤਾਲਾਂ ਆਦਿ ਦੇ ਕੇਸਾਂ ਸਬੰਧੀ ਰਿਪੋਰਟ ਭੇਜੀ ਜਾਂਦੀ ਹੈ ਤਾਂ ਉਹਨਾਂ ਵਲੋਂ ਵਿਭਾਗ ਦੇ ਸਮੂਹ ਮੁੱਖ ਇੰਜੀਨੀਅਰਾਂ ਵਲੋਂ ਰਿਪੋਰਟ ਇਕੱਤਰ ਕਰਕੇ ਨਹੀਂ ਭੇਜੀ ਜਾਂਦੀ। ਇਸ ਲਈ ਦਫਤਰ ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਦੋਂ ਕਿਸੇ ਵੀ ਕੇਸ ਵਿਚ ਸਰਕਾਰ ਨੂੰ ਪੜਤਾਲਾਂ ਸਬੰਧੀ ਰਿਪੋਰਟ ਭੇਜੀ ਜਾਣੀ ਹੋਵੇ ਤਾਂ ਉਸ ਸਬੰਧੀ ਵਿਭਾਗ ਦੇ ਸਮੂਹ ਮੁੱਖ ਇੰਜੀਨੀਅਰਾਂ ਤੋਂ ਪੜਤਾਲਾਂ ਸਬੰਧੀ ਰਿਪੋਰਟ ਲੈਣ ਉਪਰੰਤ ਹੀ ਤਜਵੀਜ਼ ਸਰਕਾਰ ਨੂੰ ਭੇਜੀ ਜਾਵੇ।

3 ਇਹ ਪੱਤਰ ਲੋਕ ਨਿਰਮਾਣ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

Sd/-
ਅਧੀਨ ਸਕੱਤਰ

ਪਿ.ਅੰ.ਨੰ:3/17/2019-ਇਸ1(2)/1624748/2 ਮਿਤੀ, ਚੰਡੀਗੜ੍ਹ: 17 ਫਰਵਰੀ, 2020

ਇਸ ਦਾ ਇੱਕ ਉਤਾਰਾ ਸਮੂਹ ਮੁੱਖ ਇੰਜੀਨੀਅਰ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਦਫਤਰ ਵਿਚ ਵਿਭਾਗੀ ਪੜਤਾਲਾਂ ਸਬੰਧੀ ਚਲਦੇ ਕੇਸਾਂ ਸਬੰਧੀ ਸੂਚਨਾ ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਉਤਾਰਾ ਕਰਕੇ ਭੇਜਦੇ ਹੋਏ ਸਰਕਾਰ ਨੂੰ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।

ਅਧੀਨ ਸਕੱਤਰ